# ਦੰਦਾਂ ਦੀ ਸੰਭਾਲ ਅਤੇ ਸਰੋਤ ਗਾਈਡ

Alta California
Regional Center

2026

# ਭਾਗ

1. ਘਰ ਵਿੱਖੇ ਮੂੰਹ ਅਤੇ ਦੰਦਾਂ ਦੀ ਸਿਹਤ ਦੀ ਦੇਖਭਾਲ ਕਰਨਾ
2. ਦੰਦਾਂ ਦੀ ਜਾਂਚ ਲਈ ਇੱਕ ਸਫਲ ਮੁਲਾਕਾਤ ਲਈ ਤਿਆਰੀ ਕਰਨਾ
3. Medi-Cal ਡੈਂਟਲ ਯੋਜਨਾਵਾਂ ਦੇ ਬਾਰੇ
4. Medi-Cal ਡੈਂਟਲ ਕਵਰੇਜ ਅਤੇ ਬਿਲਿੰਗ
5. ਮੋਬਾਈਲ ਡੈਂਟਲ ਹਾਈਜੀਨਿਸਟ (RDHAPs)
6. ਸੈਡੇਸ਼ਨ ਡੈਂਟਿਸਟਰੀ
7. ਦੰਦਾਂ ਦੀਆਂ ਸੇਵਾਵਾਂ ਵਾਸਤੇ ਵਿਕਲਪ
8. ਦੰਦਾਂ ਦੀਆਂ ਸੇਵਾਵਾਂ ਵਿੱਚ ACRC ਦੀ ਭੂਮਿਕਾ

**ਖੁਲਾਸਾ ਬਿਆਨ:**
ਇਸ ਦਸਤਾਵੇਜ ਨੂੰ ਬਣਾਉਣ ਵਾਲੇ ਕੋਲ ਇਸ ਵਿਸਾ ਵਸਤੂ ਨਾਲ ਸਬੰਧਤ ਕੋਈ ਵਿੱਤੀ ਸੰਬੰਧ, ਮਾਨਤਾ, ਜਾਂ ਵਪਾਰਕ ਹਿੱਤ ਨਹੀ ਹਨ। ਜ਼ਿਕਰ ਕੀਤੇ ਗਏ ਕੋਈ ਵੀ ਉਤਪਾਦ, ਸੇਵਾਵਾਂ, ਜਾਂ ਲਿੰਕ ਸਿਰਫ਼ ਵਿੱਦਿਅਕ ਉਦੇਸ਼ਾਂ ਲਈ ਸ਼ਾਮਲ ਕੀਤੇ ਗਏ ਹਨ ਅਤੇ ਇਹਨਾਂ ਦਾਜੇਕਰ ਕਿਸੇ ਵੀ ਕਿਸਮ ਦੇ ਸਮਰਥਨ ਦਾ ਸੰਕੇਤ ਨਹੀਂ ਦਿੰਦਾ।

# ਭਾਗ 1: ਘਰ ਵਿੱਖੇ ਮੂੰਹ ਅਤੇ ਦੰਦਾਂ ਦੀ ਸਿਹਤ ਦੀ ਦੇਖਭਾਲ ਕਰਨਾ



ਇੱਕ ਸਿਹਤਮੰਦ ਮੂੰਹ ਦੀ ਸ਼ੁਰੂਆਤ ਰੋਜ਼ਾਨਾ ਬੁਰਸ਼ ਅਤੇ ਫਲੋਸਿੰਗ ਕਰਨ ਨਾਲ ਹੁੰਦੀ ਹੈ। ਕੁਝ ਲੋਕਾਂ ਵਾਸਤੇ, ਮੂੰਹ ਦੀ ਸੰਭਾਲ ਕਰਨਾ ਮੁਸ਼ਕਿਲ ਹੋ ਸਕਦਾ ਹੈ। ਕੋਈ ਗੱਲ ਨਹੀ। ਹੇਠਾਂ ਦਿੱਤੇ ਨੁਕਤੇ ਘਰ ਵਿੱਖੇ ਦੰਦਾਂ ਦੀ ਸੰਭਾਲ ਨੂੰ ਵਧੇਰੇ ਆਸਾਨ ਅਤੇ ਵਧੇਰੇ ਆਰਾਮਦਾਇਕ ਬਣਾਉਣ ਵਿੱਚ ਮਦਦ ਕਰ ਸਕਦੇ ਹਨ। ਵਧੇਰੇ ਵੇਰਵਿਆਂ ਲਈ, *Access for All Smiles Guide (ਐਕਸੈਸ ਫਾਰ ਆਲ ਸਮਾਈਲਜ਼ ਗਾਈਡ)* ਦੇਖੋ। ਹਰੇਕ ਨੁਕਤੇ ਦੇ ਬਾਅਦ ਪੰਨਾ ਨੰਬਰਾਂ ਦਿੱਤੇ ਗਏ ਹਨ।

## ਧਿਆਨ ਦਿਓ ਕਿ ਕਿਹੜੀ ਚੀਜ਼ ਮੁਸ਼ਕਿਲ ਲਗਦੀ ਹੈ

ਧਿਆਨ ਦਿਓ ਕਿ ਕਿਹੜੀ ਚੀਜ਼ ਬੁਰਸ਼ ਕਰਨ ਨੂੰ ਅਸੁਖਾਵਾਂ ਬਣਾਉਂਦੀ ਹੈ। ਇਸ ਵਿੱਚ ਸੁਆਦ, ਬਣਤਰ, ਅਵਾਜ਼, ਦਬਾਅ, ਜਾਂ ਉਲਟੀ ਆਉਣ ਵਰਗਾ ਮਹਿਸੂਸ ਹੋਣਾ ਸ਼ਾਮਲ ਹੋ ਸਕਦਾ ਹੈ। ਜੇ ਸੰਭਵ ਹੋਵੇ ਤਾਂ ਬਦਲਾਅ ਲਾਗੂ ਕਰੋ। ਹੋਰ ਵਿਚਾਰਾਂ ਲਈ ਗਾਈਡ ਦੇ ਪੰਨੇ 4-8 ਵੇਖੋ।

## ਨਰਮ ਅਤੇ ਵਿਸ਼ੇਸ਼ ਸਾਧਨਾਂ ਦੀ ਵਰਤੋਂ ਕਰੋ

ਨਰਮ ਜਾਂ ਸਿਲੀਕੋਨ ਦੇ ਬੁਰਸ਼, ਹਲਕੇ ਜਾਂ ਬਿਨਾਂ ਸੁਆਦ ਵਾਲੀ ਟੂਥਪੇਸਟ, ਅਤੇ ਘੱਟ ਆਵਾਜ਼ ਜਾਂ ਘੱਟ ਵਾਈਬ੍ਰੇਸ਼ਨ ਵਾਲੇ ਇਲੈਕਟ੍ਰਿਕ ਬੁਰਸ਼ਾਂ ਦੀ ਵਰਤੋਂ ਕਰਕੇ ਦੇਖੋ। ਖੋਜਣ ਅਤੇ ਵਰਤਣ ਲਈ ਕਈ ਸਾਧਨ ਅਤੇ ਉਤਪਾਦ ਮੌਜੂਦ ਹਨ। ਗਾਈਡ ਦਾ ਪੰਨਾ 30 ਰਵਾਇਤੀ ਦੰਦਾਂ ਦੇ ਬੁਰਸ਼ ਅਤੇ ਫਲੋਸ ਦੇ ਵਿਕਲਪਾਂ ਲਈ ਬਹੁਤ ਸਾਰੇ ਵਧੀਆ ਸੁਝਾਅ ਦਿੰਦਾ ਹੈ।

## ਇੱਕ ਨਿਯਮਿਤ ਰੁਟੀਨ ਬਣਾਈ ਰੱਖੋ

ਇੱਕ ਗਤੀਵਿਧੀ ਤੋਂ ਦੂਜੀ ਗਤੀਵਿਧੀ ਵਿੱਚ ਬਦਲਾਵ ਮੁਸ਼ਕਲ ਹੋ ਸਕਦਾ ਹੈ। ਸਪੱਸ਼ਟ ਚੇਤਾਵਨੀਆਂ ਦਿਓ ਜਿਵੇਂ ਕਿ "ਪੰਜ ਹੋਰ ਮਿੰਟ।" ਬੁਰਸ਼ ਕਰਨ ਦੀ ਤਿਆਰੀ ਵਿੱਚ ਮਦਦ ਲਈ ਟਾਈਮਰ, ਗੀਤਾਂ, ਤਸਵੀਰਾਂ, ਸਮਾਂ-ਸਾਰਣੀ ਜਾਂ ਚੈੱਕਲਿਸਟਾਂ ਦੀ ਵਰਤੋਂ ਕਰੋ। ਗਾਈਡ ਦੇ ਪੰਨੇ 4-8 ਅਤੇ ਅੰਤਿਕਾ A8 ਨੂੰ ਦੇਖੋ।

## ਹੌਲੀ-ਹੌਲੀ ਅੱਗੇ ਵਧੋ

ਛੋਟੀ ਚੀਜ਼ ਤੋਂ ਸ਼ੁਰੂਆਤ ਕਰੋ। ਕੇਵਲ ਇੱਕ ਹਿੱਸੇ ਵਿੱਚ ਬੁਰਸ਼ ਕਰੋ, ਟੂਥਪੇਸਟ ਦੀ ਬਜਾਏ ਪਾਣੀ ਦੀ ਵਰਤੋਂ ਕਰੋ, ਜਾਂ ਥੋੜ੍ਹੇ ਸਮੇਂ ਲਈ ਬੁਰਸ਼ ਕਰੋ। ਜਿਵੇਂ-ਜਿਵੇਂ ਆਰਾਮਦਾਇਕ ਲੱਗੇ, ਹੌਲੀ-ਹੌਲੀ ਇਸਨੂੰ ਵਧਾਓ। ਗਾਈਡ ਦੇ ਪੰਨੇ 4-8 ਵੇਖੋ।

## ਬੁਰਸ਼ ਕਰਨ ਨੂੰ ਮਜ਼ੇਦਾਰ ਅਤੇ ਸਕਾਰਾਤਮਕ ਬਣਾਓ

ਖੇਡਾਂ, ਨਾਟਕੀ ਖੇਡ, ਗੀਤਾਂ, ਜਾਂ ਬੁਰਸ਼ ਕਰਨ ਵਾਲੀਆਂ ਐਪਾਂ ਦੀ ਵਰਤੋਂ ਕਰੋ। ਮਜ਼ੇਦਾਰ ਦੰਦਾਂ ਦੇ ਬੁਰਸ਼ ਜਾਂ ਗਾਈਡ ਕਰਨ ਵਾਲੇ ਬੁਰਸ਼ ਕਰਨ ਵਾਲੇ ਸਾਧਨ ਦਿਲਚਸਪੀ ਅਤੇ ਸਹਿਯੋਗ ਨੂੰ ਵਧਾ ਸਕਦੇ ਹਨ। ਗਾਈਡ ਦੀ ਅੰਤਿਕਾ A8 ਵੇਖੋ।

## ਵੱਖ-ਵੱਖ ਪੁਜ਼ੀਸ਼ਨਾਂ ਨੂੰ ਅਜ਼ਮਾਓ

ਬੈਠ ਕੇ, ਖੜ੍ਹੇ ਹੋ ਕੇ, ਜਾਂ ਲੇਟ ਕੇ ਬੁਰਸ਼ ਕਰੋ। ਇਹ ਦੇਖਣ ਲਈ ਵੱਖ-ਵੱਖ ਕੋਣਾਂ ਨੂੰ ਅਜ਼ਮਾਓ ਕਿ ਕਿਹੜਾ ਵਾਲਾ ਸਭ ਤੋਂ ਵੱਧ ਆਰਾਮਦਾਇਕ ਮਹਿਸੂਸ ਹੁੰਦਾ ਹੈ। ਗਾਈਡ ਦੇ ਪੰਨੇ 27-29 ਵੇਖੋ।

## ਤਾਰੀਫ਼ ਕਰੋ ਅਤੇ ਇਨਾਮ ਦਿਓ

ਸਾਰੇ ਯਤਨਾਂ ਦੀ ਤਾਰੀਫ਼ ਕਰੋ, ਭਾਵੇਂ ਉਹ ਇੱਕ ਛੋਟਾ ਜਿਹਾ ਕਦਮ ਹੀ ਕਿਉਂ ਨਾ ਹੋਵੇ। ਆਤਮ-ਵਿਸ਼ਵਾਸ ਪੈਦਾ ਕਰਨ ਲਈ ਹੌਸਲਾ-ਅਫ਼ਜ਼ਾਈ, ਸਟਿੱਕਰਾਂ, ਜਾਂ ਸਧਾਰਨ ਇਨਾਮਾਂ ਦੀ ਵਰਤੋਂ ਕਰੋ। ਵਧੇਰੇ ਵਿਚਾਰਾਂ ਲਈ ਗਾਈਡ ਦਾ ਪੰਨਾ 7 ਵੇਖੋ।

## ਸਬਰ ਰੱਖੋ ਅਤੇ ਲਚਕਦਾਰ ਬਣੋ

ਵਿਅਕਤੀ ਦੀਆਂ ਲੋੜਾਂ ਮੁਤਾਬਕ ਸਾਧਨਾਂ, ਸਮੇਂ ਅਤੇ ਰੁਟੀਨ ਵਿੱਚ ਬਦਲਾਅ ਕਰੋ। ਤਰੱਕੀ ਹੌਲੀ ਹੋ ਸਕਦੀ ਹੈ, ਅਤੇ ਇਹ ਬਿਲਕੁਲ ਠੀਕ ਹੈ। **ਰੋਜ਼ਾਨਾ ਮੂੰਹ ਦੀ ਦੇਖਭਾਲ ਕਰਨ ਸੰਬੰਧੀ ਨੁਕਤਿਆਂ ਲਈ ਗਾਈਡ ਦੇ ਪੰਨੇ 9-11 ਨੂ ਦੇਖੋ!**



# ਭਾਗ 2: ਦੰਦਾਂ ਦੀ ਜਾਂਚ ਲਈ ਸਫਲ ਮੁਲਾਕਾਤ ਦੀ ਤਿਆਰੀ ਕਰਨਾ

ਕੁਝ ਲੋਕਾਂ ਵਾਸਤੇ ਦੰਦਾਂ ਦੇ ਡਾਕਟਰ ਕੋਲ ਜਾਣਾ ਮੁਸ਼ਕਿਲ ਹੋ ਸਕਦਾ ਹੈ। ਸਾਰੇ ਯਤਨਾਂ ਦੀ ਤਾਰੀਫ਼ ਕਰੋ, ਭਾਵੇਂ ਉਹ ਇੱਕ ਛੋਟਾ ਜਿਹਾ ਕਦਮ ਹੀ ਕਿਉਂ ਨਾ ਹੋਵੇ। ਵਧੇਰੇ ਵੇਰਵਿਆਂ ਲਈ, *Access for All Smiles Guide ਦੇ ਪੰਨੇ 22-26 ਅਤੇ ਅੰਤਿਕਾ A10* ਵੇਖੋ।

## ਘਰ ਵਿੱਚ ਅਭਿਆਸ ਕਰੋ



ਸੰਭਾਲਕਰਤਾ ਦੰਦਾਂ ਦੀ ਜਾਂਚ ਲਈ ਮੁਲਾਕਾਤ 'ਤੇ ਜਾਣ ਤੋਂ ਪਹਿਲਾਂ ਉਸ ਦੇ ਕੁਝ ਹਿੱਸਿਆਂ ਦਾ ਅਭਿਆਸ ਕਰ ਸਕਦੇ ਹਨ:

- ਕੁਰਸੀ 'ਤੇ ਜਾਂ ਸੋਫੇ 'ਤੇ ਪਿੱਛੇ ਵੱਲ ਲੇਟਣ ਦਾ ਅਭਿਆਸ ਕਰੋ
- ਮੂੰਹ ਵੱਲ ਫਲੈਸ਼ਲਾਈਟ ਦੀ ਰੋਸ਼ਨੀ ਪਾਓ
- ਦੰਦਾਂ ਦੇ ਦਫਤਰ ਵਾਂਗ ਹੀ ਟੂਥਪੇਸਟ ਦੀ ਵਰਤੋਂ ਕਰਕੇ ਦੰਦਾਂ ਨੂੰ ਬੁਰਸ਼ ਕਰੋ
- ਇੱਕ ਖਿਡੌਣੇ ਸ਼ੀਸ਼ੇ ਦੀ ਵਰਤੋਂ ਕਰਕੇ ਦੰਦ ਗਿਣਨ ਦਾ ਅਭਿਆਸ ਕਰੋ
- ਦੰਦਾਂ ਦੇ ਕਲੀਨਿਕ ਦੀਆਂ ਆਵਾਜ਼ਾਂ ਵਾਲੀਆਂ ਵੀਡੀਓ ਚਲਾਓ

## ਮੁਲਾਕਾਤ ਤੋਂ ਪਹਿਲਾਂ

- ਜੇ ਸੰਭਵ ਹੋਵੇ, ਤਾਂ ਦੰਦਾਂ ਦੇ ਡਾਕਟਰ ਅਤੇ ਕਲੀਨਿਕ ਦੀਆਂ ਤਸਵੀਰਾਂ ਵਾਲੀ ਇੱਕ ਸੋਸ਼ਲ ਸਟੋਰੀ ਦੀ ਵਰਤੋਂ ਕਰੋ
- ਪਹਿਲਾਂ/ਫਿਰ ਵਾਲੇ ਬਿਆਨਾਂ ਅਤੇ ਦ੍ਰਿਸ਼ਟੀਗਤ ਸਹਾਇਤਾ ਦੀ ਵਰਤੋਂ ਕਰੋ
- ਉਹ ਵੀਡੀਓ ਦੇਖੋ ਜੋ ਇਹ ਦਿਖਾਉਂਦੀਆਂ ਹਨ ਕਿ ਦੰਦਾਂ ਦੇ ਡਾਕਟਰ ਕੋਲ ਕੀ ਹੁੰਦਾ ਹੈ
- ਸਟਾਫ਼ ਨੂੰ ਮਿਲਣ ਅਤੇ ਜਗ੍ਹਾ ਨੂੰ ਦੇਖਣ ਲਈ ਮੁਲਾਕਾਤ ਦੇ ਸਮੇਂ ਤੋਂ ਪਹਿਲਾਂ ਦੰਦਾਂ ਦੇ ਕਲੀਨਿਕ ਜਾਓ
- ਅਜਿਹੇ ਸਮੇਂ ਦੀ ਅਪੌਇੰਟਮੈਂਟ ਮੰਗੋ ਜਦੋਂ ਉੱਥੇ ਜ਼ਿਆਦਾ ਸ਼ੋਰ-ਸ਼ਰਾਬਾ ਨਾ ਹੋਵੇ
- ਜੇ ਲੋੜ ਹੋਵੇ, ਤਾਂ ਛੋਟੀਆਂ ਜਾਂ ਕਈ ਵਾਰੀਆਂ ਵਿੱਚ ਹੋਣ ਵਾਲੀਆਂ ਮੁਲਾਕਾਤਾਂ ਬਾਰੇ ਪੁੱਛੋ

## ਦੰਦਾਂ ਦੀ ਜਾਂਚ ਲਈ ਮੁਲਾਕਾਤ ਦੌਰਾਨ



- ਮਰੀਜ਼ ਦੀਆਂ ਲੋੜਾਂ, ਤਰਜੀਹਾਂ, ਅਤੇ ਚੁਣੌਤੀਆਂ ਨੂੰ ਦੰਦਾਂ ਦੀ ਟੀਮ ਨਾਲ ਸਾਂਝਾ ਕਰੋ
- ਰੌਸ਼ਨੀ ਮੱਧਮ ਕਰਨ ਲਈ ਕਹੋ ਜਾਂ ਧੁੱਪ ਦੀਆਂ ਐਨਕਾਂ ਨਾਲ ਲੈਕੇ ਜਾਓ
- ਸੰਗੀਤ ਜਾਂ ਵੀਡੀਓ ਲਈ ਹੈੱਡਫ਼ੋਨ ਨਾਲ ਲਿਆਓ
- ਆਰਾਮਦਾਇਕ ਚੀਜ਼ਾਂ ਲਿਆਓ ਜਿਵੇਂ ਕਿ ਖਿਡੌਣੇ ਜਾਂ ਭਾਰੇ ਕੰਬਲ
- ਸੰਚਾਰ ਸਾਧਨਾਂ ਜਾਂ ਏਡਾਂ ਦੀ ਵਰਤੋਂ ਕਰੋ
- ਡੈਂਟਿਸਟ ਨੂੰ "ਦੱਸੋ-ਦਿਖਾਓ-ਕਰੋ" (tell-show-do) ਵਿਧੀ ਵਰਤਣ ਲਈ ਕਹੋ ਅਤੇ ਮਰੀਜ਼ ਨੂੰ ਹੱਥ ਵਾਲਾ ਸ਼ੀਸ਼ਾ ਵਰਤਣ ਦਿਓ

**ਇੱਕ ਸਕਾਰਾਤਮਕ ਨੋਟ 'ਤੇ ਖਤਮ ਕਰੋ!** ਕੋਸ਼ਿਸ਼ ਕਰਨ ਵਾਸਤੇ ਪ੍ਰਸ਼ੰਸਾ ਅਤੇ ਇਨਾਮ ਦੀ ਪੇਸ਼ਕਸ਼ ਕਰੋ, ਚਾਹੇ ਮੁਲਾਕਾਤ ਪੂਰੀ ਨਾ ਵੀ ਹੋਵੇ




ਵਿਸ਼ੇ ਜਾਂ ਵੀਡੀਓ ਅਨੁਸਾਰ ਗਾਈਡ ਦੀ ਪੜਚੋਲ ਕਰਨ ਲਈ ਜਾਂ 1-ਘੰਟੇ ਜਾਂ 2-ਘੰਟੇ **ਦੇਖਭਾਲ ਕਰਨ ਵਾਲਿਆਂ ਦੇ ਸਿਖਲਾਈ ਮੋਡੀਊਲਾਂ ਤੱਕ** ਪਹੁੰਚ ਕਰਨ ਲਈ, ਕਿਰਪਾ ਕਰਕੇ**; Access for All Smiles ਦੇ** ਮੁੱਖ ਪੰਨੇ 'ਤੇ ਜਾਓ।

# ਭਾਗ 3: Medi-Cal ਡੈਂਟਲ ਯੋਜਨਾਵਾਂ ਬਾਰੇ

Medi-Cal ਦੰਦਾਂ ਦੀ ਦੇਖਭਾਲ ਨੂੰ ਕਵਰ ਕਰਦਾ ਹੈ! ਕਿਸੇ ਵਿਅਕਤੀ ਕੋਲ Medi-Cal ਡੈਂਟਲ ਪਲਾਨ ਦੀ ਕਿਹੜੀ ਕਿਸਮ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿੱਥੇ ਰਹਿੰਦਾ ਹੈ। Medi-Cal ਵਾਲੇ ਲੋਕ ਜੋ Sacramento ਕਾਉਂਟੀ ਵਿੱਚ ਰਹਿੰਦੇ ਹਨ ਉਨ੍ਹਾਂ ਕੋਲ ਦੰਦਾਂ ਲਈ ਵਿਸ਼ੇਸ਼ ਪ੍ਰਬੰਧਿਤ ਦੇਖਭਾਲ ਯੋਜਨਾਵਾਂ ਹਨ। ਹੋਰ ਸਾਰੀਆਂ ਕਾਉਂਟੀਆਂ ਵਿੱਚ ਰਹਿਣ ਵਾਲੇ ਲੋਕਾਂ ਵਾਸਤੇ, ਕੇਵਲ ਇੱਕ ਕਿਸਮ ਦੀ ਦੰਦਾਂ ਦੀ ਯੋਜਨਾ ਮੌਜੂਦ ਹੈ।

## Sacramento ਕਾਉਂਟੀ

ਜੇ ਵਿਅਕਤੀ ਦੀ Medi-Cal ਯੋਜਨਾ Sacramento ਕਾਉਂਟੀ ਵਿੱਚ ਅਧਾਰਤ ਹੈ, ਤਾਂ ਉਨ੍ਹਾਂ ਕੋਲ ਇੱਕ Medi-Cal "ਦੰਦਾਂ ਲਈ ਪ੍ਰਬੰਧਿਤ ਦੇਖਭਾਲ ਯੋਜਨਾ" (Dental Managed Care Plan) ਹੈ। Sacramento ਕਾਉਂਟੀ ਵਿੱਚ ਦੰਦਾਂ ਲਈ ਤਿੰਨ ਪ੍ਰਬੰਧਿਤ ਦੇਖਭਾਲ ਯੋਜਨਾਵਾਂ ਹਨ ਅਤੇ ਵਿਅਕਤੀ ਨੂੰ ਇਹਨਾਂ ਯੋਜਨਾਵਾਂ ਵਿੱਚੋਂ ਕੋਈ ਇੱਕ ਦਿੱਤਾ ਜਾਂਦਾ ਹੈ:

- Liberty
- HealthNet
- DentaQuest

### ਦੰਦਾਂ ਦੇ ਡਾਕਟਰ ਨੂੰ ਲੱਭਣ ਵਿੱਚ ਸਹਾਇਤਾ ਵਾਸਤੇ:

ਕਿਰਪਾ ਕਰਕੇ ਦੰਦਾਂ ਦੇ ਕਿਸੇ ਡਾਕਟਰ ਨੂੰ ਲੱਭਣ ਵਿੱਚ ਸਹਾਇਤਾ ਲਈ ਵਿਸ਼ੇਸ਼ ਨਿਰਧਾਰਤ Medi-Cal ਦੰਦਾਂ ਲਈ ਪ੍ਰਬੰਧਿਤ ਦੇਖਭਾਲ ਯੋਜਨਾ ਨਾਲ ਸੰਪਰਕ ਕਰੋ। *ਜੇ ਇਹ ਪਤਾ ਨਹੀਂ ਹੈ ਕਿ ਵਿਅਕਤੀ ਕੋਲ ਕਿਹੜਾ Medi-Cal Dental Managed Care Plan ਹੈ, ਤਾਂ ਇਹ ਪਤਾ ਲਗਾਉਣ ਲਈ HealthCare Options ਨੂੰ ਕਾਲ ਕਰੋ: 1-800-430-4263, ਫਿਰ ਨੈਟਵਰਕ ਦੇ ਦੰਦਾਂ ਦੇ ਡਾਕਟਰ ਕੋਲ ਰੈਫਰਲ ਦੀ ਬੇਨਤੀ ਕਰਨ ਲਈ ਸਿੱਧੇ ਤੌਰ 'ਤੇ ਯੋਜਨਾ ਨੂੰ ਕਾਲ ਕਰੋ। ਤੁਸੀਂ ਹਰੇਕ ਪਲਾਨ ਦੀ ਔਨਲਾਈਨ ਪ੍ਰਦਾਤਾ ਡਾਇਰੈਕਟਰੀ ਖੋਜ ਤੱਕ ਪਹੁੰਚ ਕਰਨ ਲਈ ਹੇਠਾਂ ਦਿੱਤੇ ਲਿੰਕਾਂ 'ਤੇ ਕਲਿੱਕ ਵੀ ਕਰ ਸਕਦੇ ਹੋ।

- Liberty Dental Plan 888-703-6999 Medi-Cal Dentist Search
- HealthNet Dental Plan 833-493-0428 Health Net Medi-Cal Dental | Health Net
- DentaQuest 833-479-1984 California Medi-Cal Dental Coverage | DentaQuest

## Sacramento ਕਾਉਂਟੀ ਤੋਂ ਬਾਹਰ

*((ਜਾਂ Sacramento ਕਾਉਂਟੀ ਦੇ ਉਹਨਾਂ ਲੋਕਾਂ ਲਈ ਜਿਨ੍ਹਾਂ ਕੋਲ Medi-Cal Dental Managed Care Plan ਨਹੀਂ ਹੈ)* Sacramento ਕਾਉਂਟੀ ਤੋਂ ਬਾਹਰ ਰਹਿਣ ਵਾਲੇ ਲੋਕਾਂ ਕੋਲ ਸਿੱਧਾ Medi-Cal Dental ਹੁੰਦਾ ਹੈ, ਜਿਸਨੂੰ "Feefor-Service (FFS) Medi-Cal Dental" ਵੀ ਕਿਹਾ ਜਾਂਦਾ ਹੈ। ਕਿਸੇ ਦੰਦਾਂ ਦੇ ਡਾਕਟਰ ਨੂੰ ਲੱਭਣ ਵਿੱਚ ਸਹਾਇਤਾ ਵਾਸਤੇ ਕਾਲ ਕਰਨ ਲਈ ਹੇਠਾਂ ਸੰਪਰਕ ਨੰਬਰ ਦਿੱਤਾ ਗਿਆ ਹੈ। ਔਨਲਾਈਨ ਪ੍ਰਦਾਤਾ ਡਾਇਰੈਕਟਰੀ ਖੋਜ ਦੀ ਪੜਚੋਲ ਕਰਨ ਲਈ ਲਿੰਕ 'ਤੇ ਕਲਿੱਕ ਕਰੋ।

- Medi-Cal Dental 800-322-6384 ਪ੍ਰਦਾਤਾ ਡਾਇਰੈਕਟਰੀ ਖੋਜ

## ਮਾਹਰਾਂ ਦੇ ਰੈਫਰਲ

ਕਈ ਵਾਰ ਵਿਸ਼ੇਸ਼ ਦੰਦਾਂ ਦੀਆਂ ਸੇਵਾਵਾਂ ਵਾਸਤੇ ਰੈਫਰਲ ਦੀ ਲੋੜ ਪੈਂਦੀ ਹੈ। ਇਹਨਾਂ ਸੇਵਾਵਾਂ ਵਿੱਚ ਸੈਡੇਸ਼ਨ, ਅਕਲ ਦਾੜ੍ਹ ਕਢਵਾਉਣਾ, ਰੂਟ ਕੈਨਾਲ, ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਜੇ ਅਕਤੀ ਨੂੰ ਵਿਸ਼ੇਸ਼ ਦੰਦਾਂ ਦੀਆਂ ਸੇਵਾਵਾਂ ਵਾਸਤੇ ਰੈਫਰਲ ਦੀ ਲੋੜ ਪੈਂਦੀ ਹੈ, ਤਾਂ ਹੇਠ ਲਿਖਿਆਂ ਵਿੱਚੋਂ ਕੋਈ ਵੀ ਕਦਮ ਚੁੱਕੋ:

1. ਦੰਦਾਂ ਦੇ ਆਮ ਡਾਕਟਰ ਨੂੰ ਰੈਫਰਲ ਵਾਸਤੇ ਪੁੱਛੋ
2. ਰੈਫਰਲ ਦੀ ਬੇਨਤੀ ਕਰਨ ਲਈ e Medi-Cal Dental Plan ਨੂੰ ਕਾਲ ਕਰੋ
3. ACRC ਡੈਂਟਲ ਕੋਆਰਡੀਨੇਟਰ ਕੋਲੋਂ ਸਹਾਇਤਾ ਵਾਸਤੇ ACRC ਸਰਵਿਸ ਕੋਆਰਡੀਨੇਟਰ ਨੂੰ ਪੁੱਛੋ

# ਭਾਗ 4: Medi-Cal ਕਵਰੇਜ ਅਤੇ ਬਿਲਿੰਗ

## Medi-Cal Dental ਕੀ ਕਵਰ ਕਰਦਾ ਹੈ?

ਸਾਰੇ Medi-Cal Dental plan ਬੱਚਿਆਂ ਅਤੇ ਬਾਲਗਾਂ ਵਾਸਤੇ ਇੱਕੋ ਜਿਹੀਆਂ ਵਿਆਪਕ ਸੇਵਾਵਾਂ ਕਵਰ ਕਰਦੇ ਹਨ, ਜੋ ਆਮ ਤੌਰ 'ਤੇ ਮੁਫ਼ਤ ਹੁੰਦੀਆਂ ਹਨ। ਰੋਕਥਾਮਕਾਰੀ ਸੇਵਾਵਾਂ ਜਿਵੇਂ ਕਿ ਦੰਦਾਂ ਦੀ ਸਾਫ਼-ਸਫ਼ਾਈ, ਜਾਂਚਾਂ, ਐਕਸ-ਰੇ ਅਤੇ ਫਲੋਰਾਈਡ ਇਲਾਜ ਬੱਚਿਆਂ ਲਈ ਹਰ 6 ਮਹੀਨਿਆਂ ਬਾਅਦ ਅਤੇ ਬਾਲਗਾਂ ਲਈ ਹਰ 12 ਮਹੀਨਿਆਂ ਬਾਅਦ ਉਪਲਬਧ ਹਨ। ਹੋਰ ਰੀਸਟੋਰੇਟਿਵ ਅਤੇ ਵਿਸ਼ੇਸ਼ ਸੇਵਾਵਾਂ ਵੀ ਇਸ ਵਿੱਚ ਕਵਰ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਫਿਲਿੰਗ, ਕਰਾਊਨ, ਰੂਟ ਕੈਨਾਲ, ਦੰਦ ਕਢਵਾਉਣਾ, ਨਕਲੀ ਦੰਦ, ਸੈਡੇਸ਼ਨ ਅਤੇ ਐਮਰਜੈਂਸੀ ਡੈਂਟਲ ਸੇਵਾਵਾਂ ਸ਼ਾਮਲ ਹਨ। ਕਿਰਪਾ ਕਰਕੇ ਉਮਰ ਗਰੁੱਪ ਅਨੁਸਾਰ ਕਵਰ ਕੀਤੀਆਂ ਸੇਵਾਵਾਂ ਦੇ ਪੂਰੇ ਬ੍ਰੇਕਡਾਉਨ ਲਈ Smile, CA ਦੀ ਵੈਬਸਾਈਟ 'ਤੇ ਜਾਓ: Covered Services | Smile California

## ਜੇਕਰ ਵਿਅਕਤੀ ਨੂੰ ਦੰਦਾਂ ਦੀਆਂ ਸੇਵਾਵਾਂ ਵਾਸਤੇ ਬਿੱਲ ਮਿਲਦਾ ਹੈ ਤਾਂ ਕਿਹੜੇ ਵਿਕਲਪ ਉਪਲਬ੍ਧ ਨ?

ਸਾਰੀਆਂ Medi-Cal ਡੈਂਟਲ ਯੋਜਨਾਵਾਂ ਡਾਕਟਰੀ ਤੌਰ 'ਤੇ ਜ਼ਰੂਰੀ ਦੰਦਾਂ ਦੀਆਂ ਸੇਵਾਵਾਂ ਨੂੰ ਕਵਰ ਕਰਦੀਆਂ ਹਨ ਤਾਂ ਜੋ ਮਰੀਜ਼ ਦੇ ਮੂੰਹ ਦੀ ਸਿਹਤ ਨੂੰ ਮੁੜ ਠੀਕ ਕੀਤਾ ਜਾ ਸਕੇ। ਜੇਕਰ ਦੰਦਾਂ ਦੀਆਂ ਸੇਵਾਵਾਂ ਲਈ ਕੋਈ ਬਿੱਲ ਪ੍ਰਾਪਤ ਹੁੰਦਾ ਹੈ, ਤਾਂ ਇਹ ਆਮ ਤੌਰ 'ਤੇ ਕਵਰ ਨਾ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਹੁੰਦਾ ਹੈ ਜਿਨ੍ਹਾਂ ਨੂੰ ਸਹਾਇਕ, ਵਿਲਕਪਕ ਜਾਂ ਕਾਸਮੈਟਿਕ ਇਲਾਜ ਮੰਨਿਆ ਜਾ ਸਕਦਾ ਹੈ। ਕੁਝ ਆਮ ਕਵਰ ਨਾ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਜਿਹਨਾਂ ਲਈ ਦੰਦਾਂ ਦਾ ਡਾਕਟਰ ਬਿੱਲ ਦੇ ਸਕਦਾ ਹੈ ਉਨ੍ਹਾਂ ਵਿੱਚ ਬੋਨ ਗ੍ਰਾਫਟ ਅਤੇ ਮੈਂਬਰੇਨ, ਲੇਜ਼ਰ ਇਲਾਜ, ਵਿਸ਼ੇਸ਼ ਵ੍ਹਾਈਟ ਕਰਾਊਨ, ਇੰਪਲਾਂਟ ਅਤੇ ਹੋਰ ਬਹੁਤ ਕੁਝ ਸ਼ਾਮਲ ਹਨ।

**ਜੇਕਰ ਕੋਈ ਡੈਂਟਿਸਟ ਅਜਿਹੀਆਂ ਨਾ ਕਵਰ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਸਿਫ਼ਾਰਸ਼ ਕਰ ਰਿਹਾ ਹੈ ਜਿਸ ਲਈ ਮਰੀਜ਼ ਨੂੰ ਆਪਣੀ ਜੇਬ ਵਿੱਚੋਂ ਮੋਟੀ ਰਕਮ ਦੇਣੀ ਪੈਣੀ ਹੈ, ਤਾਂ ਮਰੀਜ਼ ਕੋਲ ਇਹ ਹੱਕ ਹੈ ਕਿ ਉਹ ਸਿਰਫ਼ Medi-Cal ਦੁਆਰਾ ਕਵਰ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਮੰਗ ਕਰੇ, ਅਤੇ ਇਹ ਬੇਨਤੀ ਕਰੇ ਕਿ ਡੈਂਟਿਸਟ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ Medi-Cal ਦੁਆਰਾ ਕਵਰ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਮਨਜ਼ੂਰ ਕਰਨ ਲਈ Medi-Cal ਦੇ ਨਿਯਮਾਂ ਦੀ ਪਾਲਣਾ ਕਰੇ। [B&P Code § 654.3(h)(1)].”** ਵਾਧੂ ਜਾਣਕਾਰੀ ਇੱਥੇ ਉਪਲਬ੍ਧ ਹੈ: https://dental.dhcs.ca.gov/MCD_documents/providers/provider_bulletins/Volume_41_Number_03.pdf

ACRC ਸਰਵਿਸ ਕੋਆਰਡੀਨੇਟਰ ACRC ਡੈਂਟਲ ਕੋਆਰਡੀਨੇਟਰ ਨਾਲ ਸਲਾਹ ਮਸ਼ਵਰਾ ਕਰ ਸਕਦਾ ਹੈ ਤਾਂ ਜੋ ਕਿਸੇ ਮਰੀਜ਼ ਨੂੰ ਪ੍ਰਾਪਤ ਹੋਏ ਕਿਸੇ ਵੀ ਜੇਬ ਵਿੱਚੋਂ ਕੀਤੇ ਜਾਣ ਵਾਲੇ ਖਰਚਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਸਕੇ।


## ਦੰਦਾਂ ਦੀ ਐਮਰਜੈਂਸੀ ਦੀ ਸੂਰਤ ਵਿੱਚ ਕੀ ਵਿਕਲਪ ਹਨ?

ਜੇ ਵਿਅਕਤੀ ਗੰਭੀਰ ਦਰਦ ਦਾ ਅਨੁਭਵ ਕਰ ਰਿਹਾ ਹੈ, ਜਾਂ ਜੇ ਲਾਗ ਦੇ ਸੰਕੇਤ ਹਨ ਜਿਵੇਂ ਕਿ ਬੁਖਾਰ, ਸੋਜ ਜਾਂ ਫੋੜਾ, ਤਾਂ ਉਨ੍ਹਾਂ ਨੂੰ ਤੁਰੰਤ ਦੇਖਭਾਲ ਲੈਣੀ ਚਾਹੀਦੀ ਹੈ। ਤੁਰੰਤ ਦੇਖਭਾਲ ਨੂੰ ਹੇਠ ਲਿਖੇ ਵਿਕਲਪਾਂ ਵਿੱਚੋਂ ਇੱਕ ਮੰਨਿਆ ਜਾ ਸਕਦਾ ਹੈ: ਐਮਰਜੈਂਸੀ ਰੂਮ, ਜ਼ਰੂਰੀ ਦੇਖਭਾਲ, ਜਾਂ ਆਪਣੇ ਦੰਦਾਂ ਦੇ ਡਾਕਟਰ ਜਾਂ ਪ੍ਰਾਇਮਰੀ ਕੇਅਰ ਡਾਕਟਰ ਨਾਲ ਜ਼ਰੂਰੀ ਮੁਲਾਕਾਤ ਕਰਨਾ। ਦੰਦਾਂ ਸੰਬੰਧੀ ਐਮਰਜੈਂਸੀ ਵਿੱਚ ਨੈਵੀਗੇਟ ਕਿਵੇਂ ਕਰਨਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ Access for All Smiles Guide ਦੇ ਪੰਨੇ 19-21 ਦੇਖੋ।

*ਜੇ ਯੋਜਨਾ ਟੀਮ ਨੂੰ ਤੁਰੰਤ ਡੈਂਟਲ ਜ਼ਰੂਰਤਾਂ ਲਈ ਸਰੋਤ ਲੱਭਣ ਵਿੱਚ ਹੋਰ ਸਹਾਇਤਾ ਦੀ ਜ਼ਰੂਰਤ ਹੈ, ਤਾਂ ACRC ਕਲਾਇੰਟ ਦਾ ਸਰਵਿਸ ਕੋਆਰਡੀਨੇਟਰ ਵਿਕਲਪਾਂ ਦੀ ਪੜਚੋਲ ਕਰਨ ਲਈ ACRC ਡੈਂਟਲ ਕੋਆਰਡੀਨੇਟਰ ਨਾਲ ਸਲਾਹ-ਮਸ਼ਵਰਾ ਕਰ ਸਕਦਾ ਹੈ।*

# ਭਾਗ 5: ਮੋਬਾਈਲ ਡੈਂਟਲ ਹਾਈਜੀਨਿਸਟ (RDHAPs)





*"RDHAP" ਦਾ ਪੂਰਾ ਰੂਪ ਹੈ ਰਜਿਸਟਰਡ ਡੈਂਟਲ ਹਾਈਜੀਨਿਸਟ ਇਨ ਅਲਟਰਨੇਟਿਵ ਪ੍ਰੈਕਟਿਸ*





## RDHAP ਕੀ ਹੈ?

RDHAP ਅਜਿਹੇ ਡੈਂਟਲ ਹਾਈਜੀਨਿਸਟ ਹੁੰਦੇ ਹਨ ਜਿਨ੍ਹਾਂ ਕੋਲ ਪੋਰਟੇਬਲ (ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਯੋਗ) ਡੈਂਟਲ ਉਪਕਰਨ ਹੁੰਦੇ ਹਨ, ਜੋ ਉਹਨਾਂ ਨੂੰ ਲੋਕਾਂ ਦੇ ਘਰਾਂ, ਡੇਅ ਪ੍ਰੋਗਰਾਮਾਂ ਅਤੇ ਹੋਰ ਭਾਈਚਾਰਕ ਸਥਾਨਾਂ ਵਿੱਚ ਜਾ ਕੇ ਦੰਦਾਂ ਸੰਬੰਧੀ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਬਣਾਉਂਦੇ ਹਨ।

## RDHAP ਕਿਸ ਕਿਸਮ ਦੀਆਂ ਦੰਦਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ?


**ਦੰਦਾਂ ਦੀ ਸਫ਼ਾਈ, ਐਕਸ-ਰੇ, ਫਲੋਰਾਈਡ ਇਲਾਜ, ਅਸਥਾਈ ਤੌਰ ਤੇ ਖੋੜਾਂ ਭਰਨਾ ਅਤੇ ਹੋਰ ਬਹੁਤ ਕੁਝ।** RDHAP ਮੂੰਹ ਦੀ ਸਿਹਤ ਬਾਰੇ ਕੀਮਤੀ ਜਾਣਕਾਰੀ, ਪੋਸ਼ਣ ਸੰਬੰਧੀ ਸਲਾਹ, ਘਰੇਲੂ ਦੇਖਭਾਲ ਨੂੰ ਬਿਹਤਰ ਬਣਾਉਣ ਦੇ ਤਰੀਕੇ, ਦੰਦਾਂ ਦੀ ਸੰਵੇਦਨਸ਼ੀਲਤਾ ਘਟਾਉਣ ਦੇ ਉਪਾਅ ਵੀ ਪ੍ਰਦਾਨ ਕਰਦੇ ਹਨ, ਅਤੇ ਲੋੜ ਪੈਣ 'ਤੇ ਡੈਂਟਲ ਸੇਵਾਵਾਂ ਲਈ ਉਚਿਤ ਰੈਫਰਲ ਵੀ ਦੇ ਸਕਦੇ ਹਨ।

## RDHAP ਕੀ Medi-Cal Dental ਅਤੇ ਹੋਰ ਦੰਦਾਂ ਦੀ ਬੀਮਾ ਯੋਜਨਾਵਾਂ ਨੂੰ ਸਵੀਕਾਰ ਕਰਦੇ ਹਨ?

ਹਾਂ, ਜ਼ਿਆਦਾਤਰ RDHAP, Medi-Cal Dental ਨੂੰ ਸਵੀਕਾਰ ਕਰਦੇ ਹਨ। RDHAP ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਨੂੰ Medi-Cal Dental ਪਲਾਨਾਂ ਤਹਿਤ ਕਵਰ ਕੀਤਾ ਜਾਂਦਾ ਹੈ। Medi-Cal ਦੀ ਮਿਆਦ ਜਾਂ ਕਵਰੇਜ ਦੀਆਂ ਸੀਮਾਵਾਂ ਤੋਂ ਬਾਹਰ ਦੀਆਂ ਵਾਧੂ ਸੇਵਾਵਾਂ ਲਈ, ਪਲੈਨਿੰਗ ਟੀਮ ਦੀ ਚਰਚਾ ਸ਼ੁਰੂ ਕਰਨ 'ਤੇ ਵਿਚਾਰ ਕਰੋ। ਜੇ ਯੋਜਨਾ ਟੀਮ RDHAP ਸੇਵਾਵਾਂ ਦੀ ਪੜਚੋਲ ਕਰਨ ਵਿੱਚ ਦਿਲਚਸਪੀ ਰੱਖਦੀ ਹੈ, ਤਾਂ ਸਰਵਿਸ ਕੋਆਰਡੀਨੇਟਰ ਸਥਾਨਕ RDHAP ਦੀ ਸੂਚੀ ਪ੍ਰਦਾਨ ਕਰ ਸਕਦਾ ਹੈ।

## ACRC ਕਲਾਇੰਟਾਂ ਨੂੰ ਸਥਾਨਕ RDHAP ਦੇ ਨਾਲ ਇੱਕ pop-up dental ਕਲੀਨਿਕ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ!

ਕਲਾਇੰਟਾਂ ਨੂੰ ਆਰਾਮਦਾਇਕ ਭਾਈਚਾਰਕ ਮਾਹੌਲ ਵਿੱਚ RDHAPs ਵੱਲੋਂ ਆਯੋਜਿਤ ਮਨੋਰੰਜਕ, ਗਾਹਕ-ਕੇਂਦਰਿਤ ਦੰਦਾਂ ਦੀ ਸਿਹਤ ਸੰਬੰਧੀ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ! **ਹਰ ਕੁਝ ਮਹੀਨਿਆਂ ਬਾਅਦ ਅਜਿਹੇ ਸਮਾਗਮ ਹੁੰਦੇ ਰਹਿੰਦੇ ਹਨ।** ਵਧੇਰੇ ਜਾਣਕਾਰੀ ਵਾਸਤੇ ਕਲਾਇੰਟ ਦੇ ਸਰਵਿਸ ਕੋਆਰਡੀਨੇਟਰ ਨੂੰ ਪੁੱਛੋ; ਸਰਵਿਸ ਕੋਆਰਡੀਨੇਟਰ ਆਉਣ ਵਾਲੇ ਉਪਲਬਧ ਸਮਾਗਮਾਂ ਲਈ ACRC ਡੈਂਟਲ ਕੋਆਰਡੀਨੇਟਰ ਨਾਲ ਸਲਾਹ-ਮਸ਼ਵਰਾ ਕਰ ਸਕਦਾ ਹੈ!



# ਭਾਗ 6: ਸੈਡੇਸ਼ਨ ਡੈਂਟਿਸਟਰੀ


ਕਈ ਸੁਵਿਧਾਵਾਂ ਅਤੇ ਅਨੁਕੂਲਤਾਵਾਂ ਪ੍ਰਦਾਨ ਕਰਨ ਦੇ ਬਾਵਜੂਦ, ਕੁਝ ਲੋਕਾਂ ਨੂੰ ਅਜੇ ਵੀ ਸਫਲ ਡੈਂਟਲ ਮੁਲਾਕਾਤ ਨੂੰ ਪੂਰਾ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਿਅਕਤੀ ਨੂੰ ਦੰਦਾਂ ਦੀ ਵਿਆਪਕ ਦੇਖਭਾਲ ਪ੍ਰਾਪਤ ਕਰਨ ਲਈ ਡੈਂਟਲ ਸੈਡੇਸ਼ਨ (ਬੇਹੋਸ਼ੀ) ਦੀ ਲੋੜ ਹੋ ਸਕਦੀ ਹੈ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਸੈਡੇਸ਼ਨ ਦੇ ਬਹੁਤ ਸਾਰੇ ਵੱਖ-ਵੱਖ ਪੱਧਰ ਉਪਲਬਧ ਹਨ। ਜੇ ਦੰਦਾਂ ਦੇ ਇਲਾਜ ਲਈ ਸੈਡੇਸ਼ਨ ਦੀ ਜ਼ਰੂਰਤ ਹੈ, ਤਾਂ ਵਿਅਕਤੀ ਦੀਆਂ ਜ਼ਰੂਰਤਾਂ ਦੇ ਅਧਾਰ 'ਤੇ ਉਪਲਬਧ ਸੈਡੇਸ਼ਨ ਦੇ **ਸਭ ਤੋਂ ਘੱਟ ਪਾਬੰਦੀਸ਼ੁਦਾ** ਰੂਪ ਦੀ ਚੋਣ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

## ਸੈਡੇਸ਼ਨ ਵਿਕਲਪਾਂ ਦਾ ਸਪੈਕਟ੍ਰਮ

ਹੇਠਾਂ ਦਿੱਤੀ ਜਾਣਕਾਰੀ ਅਤੇ ਗ੍ਰਾਫਿਕ ਸਭ ਤੋਂ ਘੱਟ ਪਾਬੰਦੀਸ਼ੁਦਾ (1) ਤੋਂ ਲੈ ਕੇ ਸਭ ਤੋਂ ਵੱਧ ਪਾਬੰਦੀਸ਼ੁਦਾ (5) ਤੱਕ ਉਪਲਬਧ ਸੈਡੇਸ਼ਨ ਵਿਕਲਪਾਂ ਦੇ ਸਪੈਕਟ੍ਰਮ ਦੀ ਵਿਆਖਿਆ ਕਰਦਾ ਹੈ। ਇਹ ਉਦਾਹਰਣਾਂ ਹਨ ਅਤੇ ਵੱਖੋ ਵੱਖਰੀਆਂ ਹੋ ਸਕਦੀਆਂ ਹਨ।

1. **ਪ੍ਰੀ-ਮੈਡੀਕੇਸ਼ਨ** – ਡੈਂਟਲ ਮੁਲਾਕਾਤਾਂ ਲਈ ਜਾਣ ਤੋਂ ਪਹਿਲਾਂ ਚਿੰਤਾ-ਵਿਰੋਧੀ (ਐਂਟੀ-ਐਂਜ਼ਾਇਟੀ) ਦਵਾਈਆਂ ਲਈਆਂ ਜਾ ਸਕਦੀਆਂ ਹਨ
2. **ਘੱਟੋ ਤੋਂ ਘੱਟ ਸੈਡੇਸ਼ਨ** – ਮੁਲਾਕਾਤ ਦੌਰਾਨ ਆਰਾਮ ਨੂੰ ਬੜਾਵਾ ਦੇਣ ਲਈ ਲਾਫਿੰਗ ਗੈਸ ਦਿੱਤੀ ਜਾ ਸਕਦੀ ਹੈ
3. **ਮੱਧਮ ਸੈਡੇਸ਼ਨ** – ਡੂੰਘੇ ਆਰਾਮ ਦੀ ਸਥਿਤੀ ਵਿੱਚ ਲਿਜਾਣ ਲਈ ਪ੍ਰਿਸਕ੍ਰਿਪਸ਼ਨ ਵਾਲੀ ਦਵਾਈ ਦੀ ਵਰਤੋਂ ਕਰਕੇ ਮੂੰਹ ਰਾਹੀਂ ਦਵਾਈ ਦੇ ਕੇ ਬੇਹੋਸ਼ ਕਰਨਾ
4. **ਡੂੰਘੀ ਸੈਡੇਸ਼ਨ** – IV (ਨਸ) ਰਾਹੀਂ ਦਿੱਤੀ ਜਾਂਦੀ ਹੈ, ਮਰੀਜ਼ ਨੀਂਦ ਵਿੱਚ ਹੁੰਦਾ ਹੈ ਪਰ ਫਿਰ ਵੀ ਉਤੇਜਨਾ ਪ੍ਰਤੀ ਪ੍ਰਤੀਕਿਰਿਆ ਦੇ ਸਕਦਾ ਹੈ
5. **ਜਨਰਲ ਐਨਸਥੀਸੀਆ** – t ਮਰੀਜ਼ ਪੂਰੀ ਤਰ੍ਹਾਂ ਬੇਹੋਸ਼ ਹੁੰਦਾ ਹੈ, ਆਮ ਤੌਰ 'ਤੇ ਇਹ ਕਿਸੇ ਸਰਜਰੀ ਸੈਂਟਰ ਜਾਂ ਹਸਪਤਾਲ ਵਿੱਚ ਕੀਤਾ ਜਾਂਦਾ ਹੈ





ACRC ਕੈਚਮੈਂਟ ਖੇਤਰ ਵਿੱਚ, ਬਹੁਤ ਸਾਰੇ ਡੈਂਟਲ ਪ੍ਰਦਾਤਾ ਹਨ ਜੋ ਡੈਂਟਲ ਮੁਲਾਕਾਤ ਦੌਰਾਨ ਸੈਡੇਸ਼ਨ ਦੇ ਵੱਖ-ਵੱਖ ਪੱਧਰ ਪ੍ਰਦਾਨ ਕਰ ਸਕਦੇ ਹਨ। ਮਰੀਜ਼ ਅਤੇ ਉਹ ਜੋ ਉਨ੍ਹਾਂ ਦਾ ਸਮਰਥਨ ਕਰਦੇ ਹਨ, ਆਪਣੀ ਡਾਕਟਰੀ ਅਤੇ ਦੰਦਾਂ ਦੀ ਟੀਮ ਨਾਲ ਸੈਡੇਸ਼ਨ ਲਈ ਉਚਿਤ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰ ਸਕਦੇ ਹਨ। ਉਚਿਤ ਸਿਫ਼ਾਰਸ਼ ਕੀਤੇ ਗਏ ਸੈਡੇਸ਼ਨ ਦੇ ਪੱਧਰ ਦੀ ਸੇਵਾ ਪ੍ਰਦਾਨ ਕਰ ਸਕਣ ਵਾਲੇ ਸੇਵਾ ਪ੍ਰਦਾਤਾਵਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਲਈ ACRC ਸਰਵਿਸ ਕੋਆਰਡੀਨੇਟਰ, ACRC ਡੈਂਟਲ ਕੋਆਰਡੀਨੇਟਰ ਨਾਲ ਸਲਾਹ-ਮਸ਼ਵਰਾ ਕਰ ਸਕਦਾ/ਸਕਦੀ ਹੈ।

# ਭਾਗ 7: ਦੰਦਾਂ ਦੀਆਂ ਸੇਵਾਵਾਂ ਵਾਸਤੇ ਵਿਕਲਪ

ਜਦੋਂ ਡੈਂਟਲ ਸੇਵਾਵਾਂ ਦੀ ਗੱਲ ਆਉਂਦੀ ਹੈ, ਤਾਂ ਹਰੇਕ ਵਿਅਕਤੀ ਦੀਆਂ ਵਿਅਕਤੀਗਤ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਵਿਆਪਕ ਵਿਕਲਪ ਉਪਲਬਧ ਹਨ। ਜਿੱਥੇ ਕੁਝ ਲੋਕ ਨਿਯਮਤ ਰੂਪ ਵਿੱਚ ਰਵਾਇਤੀ ਡੈਂਟਲ ਸੈਟਿੰਗਾਂ ਵਿੱਚ ਦੇਖਭਾਲ ਪ੍ਰਾਪਤ ਕਰ ਸਕਦੇ ਹਨ, ਉੱਥੇ ਹੀ ਦੂਜਿਆਂ ਨੂੰ ਵਾਧੂ ਸਹਾਇਤਾ ਜਾਂ ਸੈਡੇਸ਼ਨ ਦੀ ਲੋੜ ਹੋ ਸਕਦੀ ਹੈ। ਉਪਲਬਧ ਡੈਂਟਲ ਸੇਵਾਵਾਂ ਦੇ ਦਾਇਰੇ ਨੂੰ ਸਮਝਣਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਹਰੇਕ ਵਿਅਕਤੀ ਨੂੰ ਉਹ ਦੇਖਭਾਲ ਮਿਲੇ ਜੋ ਉਹਨਾਂ ਦੀਆਂ ਵਿਲੱਖਣ ਲੋੜਾਂ ਦੀ ਸਭ ਤੋਂ ਵਧੀਆ ਢੰਗ ਨਾਲ ਪੂਰਤੀ ਕਰੇ।

## ਦੰਦਾਂ ਦੀਆਂ ਸੇਵਾਵਾਂ ਦਾ ਸਪੈਕਟ੍ਰਮ

1. **ਰਵਾਇਤੀ ਡੈਂਟਲ ਦਫ਼ਤਰ:** ਡੈਂਟਲ ਦਫ਼ਤਰ ਵਿੱਚ ਦੇਖਭਾਲ ਲਈ ਤਿਆਰ ਲੋਕਾਂ ਲਈ। ACRC ਸਰਵਿਸ ਕੋਆਰਡੀਨੇਟਰ ਅਤੇ ਡੈਂਟਲ ਕੋਆਰਡੀਨੇਟਰ ਸਥਾਨਕ ਡੈਂਟਿਸਟਾਂ ਦੀ ਪੜਚੋਲ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ ਜੋ ਵਿਅਕਤੀ ਦੀ ਡੈਂਟਲ ਯੋਜਨਾ ਨੂੰ ਸਵੀਕਾਰ ਕਰਦੇ ਹਨ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਨ।
2. **ਪੌਪ-ਅਪ ਡੈਂਟਲ ਕਲੀਨਿਕ:** ACRC ਕਲਾਇੰਟਾਂ ਲਈ ਤਿਆਰ ਕੀਤੇ ਗਏ ਪੌਪ-ਅਪ ਕਲੀਨਿਕ ਵਿੱਚ ਸ਼ਾਮਲ ਹੋਣ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ। ਇੱਕ ਯੋਜਨਾ ਟੀਮ ਕਿਸੇ RDHAP ਜਾਂ ਦੰਦਾਂ ਦੇ ਡਾਕਟਰ ਨਾਲ ਮੁਲਾਕਾਤ ਤੈਅ ਕਰਨ ਲਈ ਸਰਵਿਸ ਕੋਆਰਡੀਨੇਟਰ ਅਤੇ ਡੈਂਟਲ ਕੋਆਰਡੀਨੇਟਰ ਨਾਲ ਕੰਮ ਕਰ ਸਕਦੀ ਹੈ।
3. **ਇਨ-ਹੋਮ RDHAP ਸੇਵਾਵਾਂ:** ਘਰ ਵਿੱਚ ਦੇਖਭਾਲ ਨੂੰ ਤਰਜੀਹ ਦੇਣ ਵਾਲੇ ਲੋਕਾਂ ਲਈ। ਮੋਬਾਈਲ ਡੈਂਟਲ ਹਾਈਜੀਨਿਸਟ (RDHAPs) ਦੰਦਾਂ ਦੀਆਂ ਰੋਕਥਾਮ ਸੇਵਾਵਾਂ ਦਾ ਇੱਕ ਵਿਸ਼ਾਲ ਦਾਇਰਾ ਪ੍ਰਦਾਨ ਕਰਨ ਲਈ ਵਿਅਕਤੀ ਦੇ ਘਰ ਜਾਂਦੇ ਹਨ।
4. **ਡੈਂਟਲ ਸੰਵੇਦਨਸ਼ੀਲਤਾ ਘਟਾਉਣਾ:** ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੂੰ ਦੰਦਾਂ ਦੀ ਦੇਖਭਾਲ ਨਾਲ ਆਰਾਮਦਾਇਕ ਹੋਣ ਲਈ ਵਾਧੂ ਸਮੇਂ ਦੀ ਜ਼ਰੂਰਤ ਹੁੰਦੀ ਹੈ। ਕੁਝ RDHAP ਕਈ ਸੈਸ਼ਨਾਂ ਦੌਰਾਨ ਸਹਿਜਤਾ ਬਣਾਉਣ ਲਈ ਘਰ ਵਿੱਚ ਹੌਲੀ-ਹੌਲੀ ਅਤੇ ਲਗਾਤਾਰ ਮੁਲਾਕਾਤਾਂ ਪ੍ਰਦਾਨ ਕਰ ਸਕਦੇ ਹਨ।
5. **ਸੈਡੇਸ਼ਨ ਡੈਂਟਿਸਟਰੀ:** ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੂੰ ਕੁਝ ਪੱਧਰ ਦੀ ਸੈਡੇਸ਼ਨ ਦੇ ਅਧੀਨ ਦੰਦਾਂ ਦੀ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ। ਇੱਕ ਯੋਜਨਾ ਟੀਮ ਸਰਵਿਸ ਕੋਆਰਡੀਨੇਟਰ ਅਤੇ ਡੈਂਟਲ ਕੋਆਰਡੀਨੇਟਰ ਨਾਲ ਕੰਮ ਕਰ ਸਕਦੀ ਹੈ ਤਾਂ ਜੋ ਪ੍ਰਦਾਤਾਵਾਂ ਦੀ ਪੜਚੋਲ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ ਜੋ ਲੋੜ ਪੈਣ 'ਤੇ ਉਚਿਤ ਸੈਡੇਸ਼ਨ ਵਿਕਲਪਾਂ ਦੀ ਪੇਸ਼ਕਸ਼ ਕਰ ਸਕਦੇ ਹਨ।



# ਭਾਗ 8: ਦੰਦਾਂ ਦੀਆਂ ਸੇਵਾਵਾਂ ਵਿੱਚ ACRC ਦੀ ਭੂਮਿਕਾ

ਹਾਲਾਂਕਿ ਡੈਂਟਲ ਸੇਵਾਵਾਂ ਮੁੱਖ ਤੌਰ 'ਤੇ ਆਮ ਸਰੋਤਾਂ ਜਿਵੇਂ ਕਿ Medi-Cal Dental ਅਤੇ ਹੋਰ ਨਿੱਜੀ ਡੈਂਟਲ ਯੋਜਨਾਵਾਂ ਦੇ ਅਧੀਨ ਕਵਰ ਕੀਤੀਆਂ ਜਾਂਦੀਆਂ ਹਨ, ਫਿਰ ਵੀ ACRC ਕਲਾਇੰਟਾਂ ਦੀ ਸਹਾਇਤਾ ਕਰਨ ਵਿੱਚ ਇੱਕ ਭੂਮਿਕਾ ਨਿਭਾਉਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਉਹਨਾਂ ਡੈਂਟਲ ਸੇਵਾਵਾਂ ਤੱਕ ਪਹੁੰਚ ਕਰ ਸਕਣ ਜੋ ਉਹਨਾਂ ਦੀਆਂ ਲੋੜਾਂ ਨੂੰ ਪੂਰਾ ਕਰ ਸਕਦੀਆਂ ਹਨ।

- **ਸਰੋਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ:** ਉਪਲਬਧ ਆਮ (ਜੈਨਰਿਕ) ਡੈਂਟਲ ਸਰੋਤਾਂ ਦੀ ਵਰਤੋਂ ਕਰਨ ਵਿੱਚ ਕਲਾਇੰਟਾਂ ਦੀ ਸਹਾਇਤਾ ਕਰਨਾ।
- **ਸਥਾਨਕ ਪ੍ਰਦਾਤਾਵਾਂ ਨਾਲ ਜੁੜਣਾ:** ਕਲਾਇੰਟਾਂ ਨੂੰ ਡੈਂਟਲ ਪ੍ਰਦਾਤਾਵਾਂ ਦੇ ਵਿਕਲਪਾਂ ਦੀ ਪੜਚੋਲ ਕਰਨ ਵਿੱਚ ਸਹਾਇਤਾ ਕਰਨਾ ਜੋ ਖਾਸ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਨ।
- **ਵੈਂਡਰ ਸੇਵਾਵਾਂ ਤੱਕ ਪਹੁੰਚ ਕਰਨਾ:** ACRC-ਵੈਂਡਰ ਡੈਂਟਲ ਸਰੋਤਾਂ ਦੀ ਵਰਤੋਂ ਕਰਨ ਵਿੱਚ ਕਲਾਇੰਟਾਂ ਦਾ ਸਮਰਥਨ ਕਰਨਾ।
- **ਚੱਲ ਰਹੀ ਸਹਾਇਤਾ:** ਦੰਦਾਂ ਦੀਆਂ ਕਿਸੇ ਵੀ ਅਤੇ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੇਵਾ ਕੋਆਰਡੀਨੇਟਰਾਂ ਨਾਲ ਸਲਾਹ-ਮਸ਼ਵਰਾ ਕਰਨਾ।

## ACRC ਡੈਂਟਲ ਕੋਆਰਡੀਨੇਟਰ

ACRC ਡੈਂਟਲ ਕੋਆਰਡੀਨੇਟਰ ACRC ਸਰਵਿਸ ਕੋਆਰਡੀਨੇਟਰਾਂ ਅਤੇ ਕਲਾਇੰਟ ਸਰਵਿਸਿਜ਼ ਮੈਨੇਜਰਾਂ ਲਈ ਇੱਕ ਅੰਦਰੂਨੀ ਸਰੋਤ ਹੈ ਤਾਂ ਜੋ ਕਲਾਇੰਟਾਂ ਨੂੰ ਸਭ ਤੋਂ ਢੁਕਵੀਂ, ਅਤੇ ਸਭ ਤੋਂ ਘੱਟ ਪਾਬੰਦੀਸ਼ੁਦਾ ਡੈਂਟਲ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ। ACRC ਡੈਂਟਲ ਕੋਆਰਡੀਨੇਟਰ ਦਾ ਅਹੁਦਾ ਸਿਰਫ਼ ਸਲਾਹ-ਮਸ਼ਵਰਾ ਦੇਣ ਲਈ ਹੈ ਅਤੇ ਉਹ ਕਲਾਇੰਟਾਂ ਨੂੰ ਸਿੱਧਾ ਡੈਂਟਲ ਇਲਾਜ ਜਾਂ ਸੇਵਾਵਾਂ ਪ੍ਰਦਾਨ ਨਹੀਂ ਕਰ ਸਕਦਾ।

ਜੇਕਰ ਤੁਹਾਡਾ ਮੰਨਣਾ ਹੈ ਕਿ ਇਸ ਦਸਤਾਵੇਜ਼ ਵਿੱਚ ਦੱਸੇ ਅਨੁਸਾਰ ACRC ਡੈਂਟਲ ਕੋਆਰਡੀਨੇਟਰ ਨਾਲ ਸਲਾਹ-ਮਸ਼ਵਰਾ ਵਿਸ਼ੇਸ਼ ਡੈਂਟਲ ਲੋੜਾਂ ਵਾਸਤੇ ਜ਼ਰੂਰੀ ਹੈ, ਤਾਂ ਕਿਰਪਾ ਕਰਕੇ ACRC ਸਰਵਿਸ ਕੋਆਰਡੀਨੇਟਰ ਨਾਲ ਸੰਪਰਕ ਕਰੋ।